# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਤ)

ਦਫ਼ਤਰ ਕੰਟਰੋਲਰ (ਪ੍ਰੀਖਿਆਵਾਂ)

ਨੰ.....3016........./ਸੀ.ਓ.ਈ.
ਮਿਤੀ..23/06/2021.....

## ਜ਼ਰੂਰੀ ਸੂਚਨਾ

ਸੈਸ਼ਨ ਮਈ 2021 ਦੀਆਂ ਅੰਡਰ-ਗਰੈਜੂਏਟ ਦੇ ਸਾਰੇ ਕੋਰਸਾਂ ਦੇ ਦੂਜੇ ਸਮੈਸਟਰ ਦੀਆਂ ਪ੍ਰੀਖਿਆਵਾਂ 1 ਜੁਲਾਈ, 2021 ਤੋਂ ਸ਼ੁਰੂ ਕਰਵਾਈਆਂ ਜਾ ਰਹੀਆਂ ਹਨ। ਇਨਾਂ ਪ੍ਰੀਖਿਆਵਾਂ ਲਈ ਵਿਦਿਆਰਥੀਆਂ ਨੂੰ ਆਪਣੇ Admit Card ਡਾਊਨਲੋਡ ਕਰਨ ਦੀ ਸੁਵਿਧਾ ਮਿਤੀ 25.06.2021 ਨੂੰ ਦੁਪਹਿਰ ਬਾਅਦ ਤੋਂ ਮੁਹੱਇਆ ਕਰਵਾਈ ਜਾ ਰਹੀ ਹੈ। ਅਕਾਦਮਿਕ ਸੈਸ਼ਨ 2020-2021 ਦੌਰਾਨ ਜਿੰਨਾਂ ਵਿਦਿਆਰਥੀਆਂ ਨੇ ਮਈ, 2021 ਦੀਆਂ ਪ੍ਰੀਖਿਆਵਾਂ ਲਈ ਨਿਯਮਾਂ ਮੁਤਾਬਿਕ ਆਪਣੇ ਪ੍ਰੀਖਿਆ ਫਾਰਮ ਅਤੇ ਪ੍ਰੀਖਿਆ ਫ਼ੀਸ ਭਰੀ ਹੈ ਆਪਣੇ ਪ੍ਰੀਖਿਆ ਰੋਲ ਨੰਬਰ/ਐਡਮਿਟ ਕਾਰਡ ਯੂਨੀਵਰਸਿਟੀ ਦੀ ਵੈਬਸਾਈਟ ਦੇ ਲਿੰਕ https //pupexamination.ac.in login ਤੇ ਕਲਿੱਕ ਕਰਕੇ ਡਾਊਨਲੋਡ ਕਰ ਸਕਦੇ ਹਨ। ਇਹ ਸੁਵਿਧਾ ਮਿਤੀ 25.06.2021 ਨੂੰ ਬਾਅਦ ਦੁਪਹਿਰ ਉਪਲਬੱਧ ਹੋਵੇਗੀ।

ਜੇਕਰ ਪੰਜਾਬੀ ਯੂਨੀਵਰਸਿਟੀ ਨਾਲ ਸਬੰਧਿਤ ਕਾਲਜ/ਵਿਭਾਗ/ਡਿਸਟੈਂਸ ਐਜੂਕੇਸ਼ਨ ਦੇ ਰੈਗੂਲਰ ਅਤੇ ਰੀ-ਅਪੀਅਰ ਦੇ ਕਿਸੇ ਵਿਦਿਆਰਥੀ ਦਾ ਰੋਲ ਨੰਬਰ/ਐਡਮਿਟ ਕਾਰਡ ਡਾਊਨਲੋਡ ਨਹੀਂ ਹੁੰਦਾ ਤਾਂ ਉਹ ਵਿਦਿਆਰਥੀ ਆਪਣੇ ਸਬੰਧਿਤ ਵਿਭਾਗ/ਕਾਲਜ ਨਾਲ ਰਾਬਤਾ ਕਾਇਮ ਕਰੇ।

ਪ੍ਰਾਈਵੇਟ ਅਤੇ ਪ੍ਰਾਈਵੇਟ ਦੇ ਰੀ-ਅਪੀਅਰ ਵਿਦਿਆਰਥੀਆਂ ਨੂੰ ਜੇਕਰ ਰੋਲ ਨੰਬਰ ਡਾਊਨਲੋਡ ਕਰਨ ਵਿੱਚ ਕੋਈ ਦਿੱਕਤ ਆਉਂਦੀ ਹੈ ਤਾਂ ਉਹ ਪ੍ਰੀਖਿਆ ਸ਼ਾਖਾ ਨਾਲ ਸੰਪਰਕ ਕਰਨ।

ਸਾਰੇ ਵਿਦਿਆਰਥੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਆਪਣੇ ਰੋਲ ਨੰਬਰ ਸਮੇਂ-ਸਿਰ ਡਾਊਨਲੋਡ ਕਰ ਲੈਣ ਤਾਂ ਜੋ ਪ੍ਰੀਖਿਆ ਦੇਣ ਵਿੱਚ ਕੋਈ ਦਿੱਕਤ ਨਾ ਆਵੇ। ਵਿਦਿਆਰਥੀਆਂ ਦੇ ਐਡਮਿਟ ਕਾਰਡ ਤੇ ਉਨਾਂ ਵੱਲੋਂ ਦਿੱਤੇ ਜਾਣ ਵਾਲੀ ਪ੍ਰੀਖਿਆ ਦੇ ਵਿਸ਼ਿਆਂ ਦੀ ਲਿਸਟ ਦਰਜ਼ ਹੋਵੇਗੀ। ਜੇਕਰ ਕਿਸੇ ਵਿਦਿਆਰਥੀ ਨੇ ਗਲਤੀ ਨਾਲ ਪ੍ਰੀਖਿਆ ਫਾਰਮ ਭਰਨ ਸਮੇਂ ਗਲਤ ਵਿਸ਼ੇ ਦੀ ਚੋਣ ਕਰ ਲਈ ਹੈ ਤਾਂ ਇਸ ਸਬੰਧੀ ਸੋਧ ਸਮੈਸਟਰ ਪ੍ਰੀਖਿਆਵਾਂ ਸ਼ੁਰੂ ਹੋਣ ਤੋਂ 02 ਦਿਨ ਪਹਿਲਾਂ ਤੱਕ ਬਣਦੀ ਤਰੁੱਟੀ ਫ਼ੀਸ ਨਾਲ ਪ੍ਰੀਖਿਆ ਸ਼ਾਖਾ ਵਿਖੇ ਆ ਕੇ ਕਰਵਾ ਸਕਦੇ ਹਨ। ਇਸ ਤੋਂ ਬਾਅਦ ਪ੍ਰੀਖਿਆ ਫਾਰਮ ਵਿੱਚ ਕਿਸੇ ਤਰ੍ਹਾਂ ਦੀ ਤਬਦੀਲੀ ਬਾਰੇ ਬਿਨੈ-ਪੱਤਰ ਤੇ ਵਿਚਾਰ ਨਹੀਂ ਕੀਤਾ ਜਾਵੇਗਾ।

ਸਾਰੇ ਵਿਦਿਆਰਥੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਪ੍ਰੀਖਿਆਵਾਂ ਸਬੰਧੀ ਜਾਣਕਾਰੀ ਯੂਨੀਵਰਸਿਟੀ ਦੀ ਵੈਬਸਾਈਟ ਸਮੇਂ-ਸਮੇਂ ਚੈੱਕ ਕਰਦੇ ਰਹਿਣ।

23/06/21

**ਕੰਟਰੋਲਰ (ਪ੍ਰੀਖਿਆਵਾਂ)**

ਕੰਟਰੋਲਰ (ਪਰੀਖਿਆਵਾਂ)
ਪੰਜਾਬੀ ਯੂਨੀਵਰਸਿਟੀ,
ਪਟਿਆਲਾ

Scanned with CamScan